3-Jan-Sanat-2Star.qxd 03-Jan-22 9:59 PM Page 1

ਫ਼ਿਰੋਜ਼ਪੁਰ ਡਵੀਜ਼ਨ ਦੇ ਟਿਕਟ ਚੈਕਿੰਗ ਸਟਾਫ਼ ਨੇ ਦਸੰਬਰ 'ਚ 2.37 ਕਰੋੜ ਦਾ ਜੁਰਮਾਨਾ ਵਸੂਲਿਆ

ਅੰਮ੍ਰਿਤਸਰ, 3 ਜਨਵਰੀ (ਗਗਨਦੀਪ ਸ਼ਰਮਾ)-ਫ਼ਿਰੋਜ਼ਪੁਰ ਡਵੀਜ਼ਨ ਦੇ ਟਿਕਟ ਚੈਕਿੰਗ ਸਟਾਫ਼ ਵਲੋਂ ਦਸੰਬਰ ਮਹੀਨੇ ਦੌਰਾਨ 34656 ਯਾਤਰੀਆਂ ਤੋਂ ਤਕਰੀਬਨ 2.37 ਕਰੋੜ ਰੁਪਏ ਜੁਰਮਾਨਾ ਵਸੂਲਿਆ ਗਿਆ ਜੋ ਕਿ ਰੇਲ ਗੱਡੀਆਂ ਵਿਚ ਬਿਨਾ ਟਿਕਟ ਦੇ ਸਫ਼ਰ ਕਰਦੇ ਪਾਏ ਗਏ। ਡੀ.ਆਰ.ਐੱਮ. ਸੀਮਾ ਸ਼ਰਮਾ ਨੇ ਪ੍ਰਮੋਦ ਧੀਰ ਟੀ.ਟੀ.ਆਈ. ਜਲੰਧਰ ਛਾਉਣੀ, ਸਤਵਿੰਦਰ ਕੌਰ ਸੀ.ਆਈ.ਟੀ. ਜਲੰਧਰ ਸ਼ਹਿਰ ਅਤੇ ਸੋਮਪਾਲ ਟੀ.ਟੀ. ਨੂੰ ਨਵੰਬਰ ਮਹੀਨੇ ਦੌਰਾਨ ਟਿਕਟ ਚੈਕਿੰਗ ਰਾਹੀਂ ਨਿੱਜੀ ਤੌਰ 'ਤੇ ਸਭ ਤੋਂ ਵੱਧ ਮਾਲੀਆ ਪ੍ਰਾਪਤ ਕਰਨ ਲਈ ਨਕਦ ਰਾਸ਼ੀ ਤੇ ਪ੍ਰਸ਼ੰਸਾ ਪੱਤਰ ਦੇ ਕੇ ਨਿਵਾਜਿਆ ਤਾਂ ਜੋ ਟਿਕਟ ਚੈਕਿੰਗ ਸਟਾਫ਼ ਦੇ ਬਾਕੀ ਮੈਂਬਰ ਵੀ ਉਨ੍ਹਾਂ ਤੋਂ ਪ੍ਰੇਰਿਤ ਹੋ ਸਕਣ।

ਮਾਲੀਆ ਪ੍ਰਾਪਤ ਕਰਨ ਵਾਲੇ ਰੇਲ ਕਰਮਚਾਰੀ ਨੂੰ ਪ੍ਰਸੰਸਾ ਪੱਤਰ ਸੌਂਪਦੇ ਹੋਏ ਡੀ.ਆਰ.ਐੱਮ. ਸੀਮਾ ਸ਼ਰਮਾ। ਅਜੀਤ : ਤਸਵੀਰ

ਭਾਰਤ ਸਰਕਾਰ ਦੇ ਪ੍ਰਮਾਣੂ ਊਰਜਾ ਵਿਭਾਗ ਤੋਂ ਵੈਟਰਨਰੀ ਯੂਨੀਵਰਸਿਟੀ ਨੂੰ ਖੋਜ ਪ੍ਰੋਜੈਕਟ ਮਿਲਿਆ

ਮੱਛੀ ਉਤਪਾਦਾਂ 'ਚ ਵੱਧ ਰਹੇ ਐਂਟੀਬਾਇਓਟਿਕ ਰੋਧਕ ਐਰੋਮੋਨਾਸ ਬੈਕਟੀਰੀਆ ਦੇ ਜੈਵਿਕ ਨਿਯੰਤਰਣ ਲਈ ਹੋਵੇਗੀ ਖੋਜ

ਲੁਧਿਆਣਾ, 3 ਜਨਵਰੀ (ਪੁਨੀਤ ਬਾਵਾ)-ਭਾਰਤ ਸਰਕਾਰ ਦੇ ਪ੍ਰਮਾਣੂ ਊਰਜਾ ਵਿਭਾਗ ਦੇ ਪ੍ਰਮਾਣੂ ਵਿਗਿਆਨ ਖੋਜ ਬੋਰਡ ਤੋਂ ਗੁਰੂ ਅੰਗਦ ਦੇਵ ਵੈਟਰਨਰੀ ਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਦੇ ਫ਼ਿਸ਼ਰੀਜ਼ ਕਾਲਜ ਨੂੰ ਖੋਜ ਪ੍ਰੋਜੈਕਟ ਮਿਲਿਆ ਹੈ। ਇਸ 3 ਸਾਲਾਂ ਦੇ ਖੋਜ ਪ੍ਰਾਜੈਕਟ ਲਈ 28.11 ਲੱਖ ਰੁਪਏ ਦੀ ਗ੍ਰਾਂਟ ਨਾਲ ਮੱਛੀ ਉਤਪਾਦਾਂ 'ਚ ਵੱਧ ਰਹੇ ਐਂਟੀਬਾਇਓਟਿਕ ਰੋਧਕ ਐਰੋਮੋਨਾਸ ਬੈਕਟੀਰੀਆ ਦੇ ਜੈਵਿਕ ਨਿਯੰਤਰਣ ਲਈ ਜੈਵਿਕ ਵਿਕਲਪਾਂ ਦਾ ਮਿਆਰੀਕਰਨ ਕੀਤਾ ਜਾਵੇਗਾ। ਪ੍ਰੋਜੈਕਟ ਦੇ ਮੁੱਖ ਨਿਰੀਖਕ ਡਾ. ਅਨੁਜ ਤਿਆਗੀ ਨੇ ਖੁਲਾਸਾ ਕੀਤਾ ਕਿ ਐਰੋਮੋਨਾਸ ਨਾਂਅ ਦੇ ਬੈਕਟੀਰੀਆ ਦੀਆਂ ਵੱਖ-ਵੱਖ ਪ੍ਰਜਾਤੀਆਂ ਮੱਛੀ ਨੂੰ ਨੁਕਸਾਨ ਪਹੁੰਚਾਉਣ ਵਾਲੇ ਮਹੱਤਵਪੂਰਣ ਰੋਗਾਣੂ ਹਨ, ਜੋ ਕਿ ਮਨੁੱਖਾਂ ਵਿਚ ਵੀ ਪੇਟ ਸੰਬੰਧੀ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਕਾਰਨ ਬਣਦੇ ਹਨ। ਉਨ੍ਹਾਂ ਕਿਹਾ ਕਿ ਆਮ ਤੌਰ 'ਤੇ ਮੱਛੀ/ਮੱਛੀ ਦੇ ਉਤਪਾਦਾਂ ਵਿਚ ਰੋਗ ਫੈਲਾਉਣ ਵਾਲੇ ਬੈਕਟੀਰੀਆ ਨੂੰ ਨਿਯੰਤਰਿਤ ਕਰਨ ਲਈ ਕਈ ਤਰ੍ਹਾਂ ਦੇ ਰਸਾਇਣਾਂ/ਐਂਟੀਬਾਇਓਟਿਕ ਦਵਾਈਆਂ ਦੀ ਵਰਤੋਂ ਕੀਤੀ ਜਾਂਦੀ ਹੈ, ਪਰ ਖਪਤਕਾਰਾਂ ਵਿਚ ਵਧਦੀ ਜਾਗਰੂਕਤਾ ਤੇ ਰੋਗਾਣੂਨਾਸ਼ਕ ਪ੍ਰਤੀਰੋਧ ਦੇ ਵਿਸ਼ਵ-ਵਿਆਪੀ ਪ੍ਰਸਾਰ ਦੇ ਕਾਰਨ, ਵਾਤਾਵਰਣ ਤੇ ਖ਼ਪਤਕਾਰਾਂ ਦੀ ਸਿਹਤ ਸੁਰੱਖਿਆ ਲਈ ਕਾਰਗਰ ਜੈਵਿਕ ਨਿਯੰਤਰਣ ਤਰੀਕੇ ਵਿਕਸਿਤ ਕਰਨ ਦੀ ਤੁਰੰਤ ਲੋੜ ਹੈ। ਇਸ ਖੋਜ ਪ੍ਰਾਜੈਕਟ ਵਿਚ ਬੈਕਟੀਰੀਆ ਮਾਰਨ ਵਾਲੇ ਵਿਸ਼ਾਣੂ, ਜਿਨ੍ਹਾਂ ਨੂੰ ਆਮ ਤੌਰ ਤੇ ਉਬੈਕਟੀਰੀਐਫਾਜ ਕਿਹਾ ਜਾਂਦਾ ਹੈ, ਉਨ੍ਹਾਂ ਦੀ ਵਰਤੋਂ ਨਾਲ ਮੱਛੀ ਦੇ ਉਤਪਾਦਾਂ ਵਿਚ ਐਰੋਮੋਨਾਸ ਨਾਂਅ ਦੇ ਬੈਕਟੀਰਆ ਨੂੰ ਨਿਯੰਤਰਿਤ ਕਰਨ ਲਈ ਇਨ੍ਹਾਂ ਦਾ ਮਿਸ਼ਰਣ ਵਿਕਸਿਤ ਕੀਤਾ ਜਾਵੇਗਾ, ਜੋ ਕਿ ਉਪਭੋਗਤਾ/ਵਿਕਰੇਤਾ/ਉਦਯੋਗ ਦੁਆਰਾ ਸਿੱਧੇ ਤੌਰ 'ਤੇ ਅਪਣਾਇਆ ਜਾ ਸਕੇਗਾ। ਡਾ. ਅਨੁਜ ਤਿਆਗੀ ਅਤੇ ਉਨ੍ਹਾਂ ਦੀ ਟੀਮ ਵਿਚ ਡਾ. ਵਿਜੈ ਕੁਮਾਰ ਰੈੱਡੀ, ਸਹਾਇਕ ਨਿਰੀਖਕ, ਮੱਛੀ ਅਤੇ ਮੱਛੀ ਦੇ ਉਤਪਾਦਾਂ ਵਿਚ ਐਰੋਮੋਨਾਸ ਦੇ ਦੂਸ਼ਣ ਨੂੰ ਰੋਕਣ ਲਈ ਵੱਖ-ਵੱਖ ਮਿਸ਼ਰਣਾਂ ਦੀ ਜਾਂਚ ਕਰਨਗੇ। ਵਿਭਾਗ ਮੁਖੀ ਡਾ. ਵਨੀਤ ਇੰਦਰ ਕੌਰ, ਡਾ. ਮੀਰਾ ਡੀ. ਆਂਸਲ ਡੀਨ ਫ਼ਿਸ਼ਰੀਜ਼ ਕਾਲਜ, ਨਿਰਦੇਸ਼ਕ ਖੋਜ ਡਾ. ਜਤਿੰਦਰ ਪਾਲ ਸਿੰਘ ਗਿੱਲ ਨੇ ਵਿਗਿਆਨੀਆਂ ਵਲੋਂ ਅਜਿਹੇ ਮੁੱਦਿਆਂ ਨੂੰ ਹੱਲ ਕਰਨ ਲਈ ਮਹੱਤਵਪੂਰਨ ਪਹਿਲੂ 'ਤੇ ਕੰਮ ਕਰਨ ਲਈ ਸ਼ਲਾਘਾ ਕੀਤੀ। ਉਪ ਕੁਲਪਤੀ ਡਾ. ਇੰਦਰਜੀਤ ਸਿੰਘ ਨੇ ਸਾਇੰਸਦਾਨਾਂ ਦੀ ਟੀਮ ਨੂੰ ਵਧਾਈ ਦਿੰਦੇ ਹੋਏ ਮੱਛੀ ਪਾਲਣ ਖੇਤਰ ਵਿਚ ਉਭਰ ਰਹੇ ਸਿਹਤ ਪ੍ਰਬੰਧਨ ਮੁੱਦਿਆਂ ਨੂੰ ਹੱਲ ਕਰਨ ਲਈ ਸ਼ਾਨਦਾਰ ਖੋਜ ਪ੍ਰਾਜੈਕਟ ਪ੍ਰਾਪਤ ਕਰਨ ਵਿਚ ਫ਼ਿਸ਼ਰੀਜ਼ ਕਾਲਜ ਦੁਆਰਾ ਕੀਤੇ ਯਤਨਾਂ ਅਤੇ ਯੋਗਦਾਨ ਦੀ ਪ੍ਰਸੰਸਾ ਕੀਤੀ।

ਡਾ. ਅਨੁਜ ਤਿਆਗੀ

ਦੇਸ਼ 'ਚ ਬੇਰੁਜ਼ਗਾਰੀ ਦਰ 7.91 ਫੀਸਦੀ 'ਤੇ ਪਹੁੰਚੀ

ਓਮੀਕਰੋਨ ਨਾਲ ਆਰਥਿਕ ਸੁਧਾਰਾਂ ਨੂੰ ਨੁਕਸਾਨ ਦੀ ਸੰਭਾਵਨਾ

ਨਵੀਂ ਦਿੱਲੀ, 3 ਜਨਵਰੀ (ਏਜੰਸੀ)- ਕੋਰੋਨਾ ਦੀ ਤੀਸਰੀ ਲਹਿਰ ਵਿਚਾਲੇ ਦੇਸ਼ 'ਚ ਬੇਰੁਜ਼ਗਾਰੀ ਦਰ ਫਿਰ ਵੱਧਣ ਲੱਗੀ ਹੈ। ਪ੍ਰਾਈਵੇਟ ਥਿੰਕ ਸੈਂਟਰ ਫਾਰ ਮਾਨੀਟਰਿੰਗ ਇੰਡੀਅਨ ਇਕੋਨੋਮੀ ਦੀ ਰਿਪੋਰਟ ਅਨੁਸਾਰ ਦਸੰਬਰ 'ਚ ਬੇਰੁਜ਼ਗਾਰੀ ਦਰ 7.9 ਫੀਸਦੀ ਰਹੀ ਜੋ ਨਵੰਬਰ (7.0) ਦੇ ਮੁਕਾਬਲੇ ਜ਼ਿਆਦਾ ਹੈ। ਥਿੰਕ ਮੁਤਾਬਿਕ ਅਗਸਤ 2021 (8.3 ਫੀਸਦੀ) ਦੇ ਬਾਅਦ ਇਹ ਬੇਰੁਜ਼ਗਾਰੀ ਦਰ ਸਭ ਤੋਂ ਜ਼ਿਆਦਾ ਹੈ। ਤਾਜ਼ੇ ਅੰਕੜੇ ਅਨੁਸਾਰ ਦਸੰਬਰ 'ਚ ਸ਼ਹਿਰੀ ਖੇਤਰਾਂ 'ਚ ਬੇਰੁਜ਼ਗਾਰੀ ਦਰ 9.3 ਫੀਸਦੀ 'ਤੇ ਪਹੁੰਚ ਗਈ ਹੈ। ਨਵੰਬਰ 'ਚ ਇਹ 8.2 ਫੀਸਦੀ ਸੀ। ਪੇਂਡੂ ਖੇਤਰਾਂ 'ਚ ਬੇਰੁਜ਼ਗਾਰੀ ਦਰ ਵੀ ਦਸੰਬਰ 'ਚ ਵੱਧ ਕੇ 7.3 ਫੀਸਦੀ 'ਤੇ ਪਹੁੰਚ ਗਈ ਹੈ। ਕਈ ਅਰਥਸਾਸ਼ਤਰੀਆਂ ਨੂੰ ਚਿੰਤਾ ਹੈ ਕਿ ਓਮੀਕਰੋਨ ਪਿਛਲੀ ਤਿਮਾਹੀ 'ਚ ਵੇਖੇ ਗਏ ਆਰਥਿਕ ਸੁਧਾਰ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਬੇਰੁਜ਼ਗਾਰੀ ਦੇ ਲਿਹਾਜ ਨਾਲ ਦੇਸ਼ ਦੇ 5 ਟਾਪ ਰਾਜਾਂ 'ਚ ਸਭ ਤੋਂ ਜਿਆਦਾ ਬੇਰੁਜ਼ਗਾਰੀ ਹਰਿਆਣਾ (34.1 ਫੀਸਦੀ) ਦੀ ਰਹੀ। ਇਸ ਤੋਂ ਬਾਅਦ ਰਾਜਸਥਾਨ 'ਚ 27.1 ਫੀਸਦੀ, ਝਾਰਖੰਡ 17.3, ਬਿਹਾਰ 16 ਤੇ ਜੰਮੂ-ਕਸ਼ਮੀਰ 'ਚ 15 ਫੀਸਦੀ ਰਹੀ। ਰਾਜਧਾਨੀ ਦਿੱਲੀ 'ਚ ਦਸੰਬਰ 'ਚ ਬੇਰੁਜ਼ਗਾਰੀ ਦੀ ਦਰ 9.8 ਫੀਸਦੀ ਰਹੀ। ਥਿੰਕ ਮੁਤਾਬਿਕ ਮਈ 2021 'ਚ ਬੇਰੁਜ਼ਗਾਰੀ ਦਰ 11.84 ਫੀਸਦੀ 'ਤੇ ਪਹੁੰਚ ਗਈ ਸੀ, ਹਾਲਾਂਕਿ ਇਸ ਦੇ ਬਾਅਦ ਇਸ 'ਚ ਗਿਰਾਵਟ ਵੇਖਣ ਨੂੰ ਮਿਲੀ ਤੇ ਇਹ ਸਤੰਬਰ 'ਚ 6.86 ਫੀਸਦੀ 'ਤੇ ਆ ਗਈ, ਪਰ ਹੁਣ ਇਹ ਫਿਰ ਵੱਧਣ ਲੱਗੀ ਹੈ।

ਸੀਨੀਅਰ ਡਵੀਜ਼ਨਲ ਕਮਰਸ਼ੀਅਲ ਮੈਨੇਜਰ ਚੇਤਨ ਤਨੇਜਾ ਨੇ ਯਾਤਰੀਆਂ ਨੂੰ ਅਪੀਲ ਕੀਤੀ ਕਿ ਰੇਲ ਗੱਡੀਆਂ ਵਿਚ ਬਿਨਾਂ ਟਿਕਟ ਯਾਤਰਾ ਨਾ ਕਰਨ। ਉਨ੍ਹਾਂ ਕਿਹਾ ਕਿ ਟਿਕਟ ਚੈਕਿੰਗ ਦੌਰਾਨ ਜੇਕਰ ਕੋਈ ਯਾਤਰੀ ਬਿਨਾਂ ਟਿਕਟ ਸਫ਼ਰ ਕਰਦਾ ਫੜਿਆ ਜਾਂਦਾ ਹੈ ਤਾਂ ਉਸ ਨੂੰ 250 ਰੁਪਏ ਜੁਰਮਾਨਾ ਕੀਤਾ ਜਾਵੇਗਾ। ਉਸ ਦੇ ਨਾਲ ਟਿਕਟ ਦਾ ਕਿਰਾਇਆ ਵੀ ਅਦਾ ਕਰਨਾ ਹੋਵੇਗਾ। ਜੇਕਰ ਕੋਈ ਜੁਰਮਾਨਾ ਅਦਾ ਕਰਨ ਤੋਂ ਮਨ੍ਹਾ ਕਰਦਾ ਹੈ ਤਾਂ ਉਸ ਨੂੰ ਰੇਲਵੇ ਸੁਰੱਖਿਆ ਬਲ (ਆਰ.ਪੀ.ਐੱਫ.) ਦੇ ਹਵਾਲੇ ਕਰ ਦਿੱਤਾ ਜਾਂਦਾ ਹੈ।

ਦਸੰਬਰ 'ਚ 37.29 ਅਰਬ ਡਾਲਰ ਨਾਲ 37 ਫੀਸਦੀ ਰਿਕਾਰਡ ਨਿਰਯਾਤ ਵਾਧਾ-ਸਰਕਾਰ

ਨਵੀਂ ਦਿੱਲੀ, 3 ਜਨਵਰੀ (ਏਜੰਸੀ)- ਦਸੰਬਰ 'ਚ ਦੇਸ਼ ਦਾ ਨਿਰਯਾਤ ਸਾਲਾਨਾ ਆਧਾਰ 'ਤੇ 37 ਫੀਸਦੀ ਵੱਧ ਕੇ 37.29 ਅਰਬ ਡਾਲਰ ਹੋ ਗਿਆ ਹੈ, ਜੋ ਹੁਣ ਤੱਕ ਦਾ ਸਭ ਤੋਂ ਵੱਧ ਮਹੀਨਾਵਾਰ ਅੰਕੜਾ ਹੈ। ਵਣਜ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਅਪ੍ਰੈਲ-ਦਸੰਬਰ 2021 ਦੌਰਾਨ 'ਆਊਟਬਾਊਂਡ ਸ਼ਿਪਮੈਂਟ' 300 ਅਰਬ ਡਾਲਰ ਨੂੰ ਪਾਰ ਕਰ ਗਈ, ਜੋ 2020-21 ਦੇ ਨਿਰਯਾਤ ਤੋਂ ਵੱਧ ਹੈ। ਵਣਜ ਮੰਤਰੀ ਪਿਊਸ਼ ਗੋਇਲ ਨੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਵਿੱਤੀ ਸਾਲ ਭਾਰਤੀ ਵਸਤਾਂ ਦਾ ਨਿਰਯਾਤ 400 ਅਰਬ ਡਾਲਰ ਨੂੰ ਪਾਰ ਕਰ ਜਾਵੇਗਾ।

ਜਲੰਧਰ ਸਰਾਫ਼ਾ ਐਸੋਸੀਏਸ਼ਨ

3/1/2022	ਮੰਗਲਵਾਰ
ਸੋਨਾ (22 ਕੈਰੇਟ)	47,120
ਸੋਨਾ (22 ਕੈਰੇਟ ਪੁਰਾਣਾ)	45,460
ਚਾਂਦੀ	63,900
ਸੋਨਾ (23 ਕੈਰੇਟ)	48,360
ਸੋਨਾ (23 ਕੈਰੇਟ ਪੁਰਾਣਾ)	46,620
ਸੋਨਾ (24 ਕੈਰੇਟ)	49,600

ਦਸੰਬਰ 'ਚ ਵਿਕਰੀ ਵੱਧਣ ਦੇ ਬਾਵਜੂਦ ਨਿਰਮਾਣ ਗਤੀਵਿਧੀਆਂ ਨਰਮ-ਰਿਪੋਰਟ

ਨਵੀਂ ਦਿੱਲੀ, 3 ਜਨਵਰੀ (ਏਜੰਸੀ)- ਓਮੀਕਰੋਨ ਨੂੰ ਲੈ ਕੇ ਵੱਧਦੀ ਚਿੰਤਾ ਵਿਚਾਲੇ ਭਾਰਤ ਦੀਆਂ ਮੁੜ ਨਿਰਮਾਣ ਗਤੀਵਿਧੀਆਂ ਦਸੰਬਰ 'ਚ ਨਰਮ ਪੈ ਗਈਆਂ ਹਨ। ਪਰ ਵਿਕਰੀ ਭਾਵ ਨਵੇਂ ਆਰਡਰਾਂ 'ਚ ਹੌਲੀ ਵਿਕਾਸ ਦੇ ਬਾਵਜੂਦ ਉਤਪਾਦਨ ਦਾ ਵਾਧਾ ਬਣਿਆ ਰਿਹਾ। ਆਈ.ਐਚ.ਐਮ. ਮਾਰਕੀਟ ਇੰਡੀਆ ਵਲੋਂ ਜਾਰੀ ਰਿਪੋਰਟ ਮੁਤਾਬਿਕ ਦਸੰਬਰ 'ਚ ਮੁੜਨਿਰਮਾਣ ਖਰੀਦ ਪ੍ਰਬੰਧਕ ਸੂਚਕ ਅੰਕ (ਪੀ.ਐਮ.ਆਈ.) ਗਿਰਾਵਟ ਨਾਲ 55.5 'ਤੇ ਆ ਗਿਆ ਜਦੋਂ ਕਿ ਨਵੰਬਰ 'ਚ ਇਹ 57.6 'ਤੇ ਸੀ, ਜੋ ਪਿਛਲੇ 10 ਮਹੀਨਿਆਂ ਦਾ ਉਚ ਪੱਧਰ ਸੀ। ਦਸੰਬਰ 'ਚ ਪੀ.ਐਮ.ਆਈ. ਅੰਕੜੇ ਦੱਸਦੇ ਹਨ ਕਿ ਵਿਕਰੀ ਤੇ ਉਤਪਾਦਨ ਵੱਧਣ ਦੇ ਨਾਲ ਹੀ ਇਸ ਮਹੀਨੇ ਮੁੜ ਨਿਰਮਾਣ ਗਤੀਵਿਧੀਆਂ ਸੁਸਤ ਪਈਆਂ ਹਨ। ਹਾਲਾਂਕਿ ਤਾਜ਼ਾ ਤਿਮਾਹੀ ਅੰਕੜਾ 56.3 ਰਿਹਾ, ਜੋ ਵਿੱਤੀ ਸਾਲ 2020-21 ਦੀ ਆਖਰੀ ਤਿਮਾਹੀ ਦੇ ਬਾਅਦ ਦਾ ਸਭ ਤੋਂ ਉੱਚਾ ਪੱਧਰ ਹੈ। ਦਸੰਬਰ ਦੇ ਪੀ.ਐਮ.ਆਈ. ਅੰਕੜੇ ਲਗਾਤਾਰ 6ਵੇਂ ਮਹੀਨੇ ਕੁੱਲ ਪਰਿਚਾਲਣ ਹਾਲਾਤ 'ਚ ਸੁਧਾਰ ਵੱਲ ਇਸ਼ਾਰਾ ਕਰਦੇ ਹਨ। ਪੀ.ਐਮ.ਆਈ. ਜੇਕਰ 50 ਤੋਂ ਉਪਰ ਰਹਿੰਦਾ ਹੈ ਤਾਂ ਉਸ ਨੂੰ ਵਿਸਥਾਰ ਮੰਨਿਆ ਜਾਂਦਾ ਹੈ ਤੇ 50 ਤੋਂ ਹੇਠਾਂ ਆਉਣ 'ਤੇ ਉਸ ਨੂੰ ਸੰਕੁਚਨ ਸ਼੍ਰੇਣੀ 'ਚ ਰੱਖਿਆ ਜਾਂਦਾ ਹੈ। ਆਈ.ਐਚ.ਐਮ. ਮਾਰਕੀਟ ਦੀ ਸਹਾਇਕ ਨਿਰਦੇਸ਼ਕ ਪਾਲੀਏਨਾ ਡੀ ਲੋਮਾ ਨੇ ਕਿਹਾ ਕਿਹਾ ਕਿ ਸਾਲ 2021 ਦੇ ਆਖਰੀ ਪੀ.ਐਮ.ਆਈ. ਨਤੀਜੇ ਉਤਸ਼ਾਹਵਰਧਕ ਹਨ। ਆਰਥਿਕ ਪੁਨਰਉਦਾਰ ਜਾਰੀ ਹੈ ਤੇ ਕੰਪਨੀਆਂ ਨੂੰ ਘਰੇਲੂ ਤੇ ਬਾਹਰੀ ਸੋਮਿਆਂ ਤੋਂ ਨਵੇਂ ਕੰਮ ਮਿਲ ਰਹੇ ਹਨ। ਲੀਮਾ 2022 'ਚ ਵੀ ਉਤਪਾਦਨ ਵਾਧਾ ਜਾਰੀ ਰਹਿਣ ਦੀ ਉਮੀਦ ਕਰ ਰਹੇ ਹਨ, ਪਰ ਕਾਰੋਬਾਰੀ ਧਾਰਨਾ ਮਹਾਂਮਾਰੀ ਦੇ ਸੰਭਾਵਿਤ ਅਸਰ ਤੇ ਮੁਦਰਾਸਫ਼ੀਤੀ ਦਬਾਅ ਤੇ ਸਪਲਾਈ ਗਤੀਰੋਧਾਂ ਨਾਲ ਕੁਝ ਹੱਦ ਤੱਕ ਪ੍ਰਭਾਵਿਤ ਹੋ ਸਕਦੀ ਹੈ

ਅਕਤੂਬਰ-ਦਸੰਬਰ 'ਚ ਖੰਡ ਉਤਪਾਦਨ 4.75 ਫੀਸਦੀ ਵੱਧ ਕੇ 115.70 ਲੱਖ ਟਨ 'ਤੇ ਪੁੱਜਾ

ਨਵੀਂ ਦਿੱਲੀ, 3 ਜਨਵਰੀ (ਏਜੰਸੀ)- ਦੇਸ਼ ਦਾ ਚੀਨੀ (ਖੰਡ) ਉਤਪਾਦਨ 2021-22 ਦੇ ਅਕਤੂਬਰ ਦਸੰਬਰ ਦੀ ਮਿਆਦ 'ਚ 4.75 ਫੀਸਦੀ ਵੱਧ ਕੇ 115.70 ਲੱਖ ਟਨ 'ਤੇ ਪਹੁੰਚਣ ਦਾ ਅਨੁਮਾਨ ਹੈ। ਰਾਸ਼ਟਰੀ ਸਹਿਕਾਰੀ ਸ਼ੱਕਰ ਕਾਰਖਾਨਾ ਸੰਗਠਨ ਨੇ ਇਹ ਜਾਣਕਾਰੀ ਦਿੱਤੀ। ਇਸ ਤੋਂ ਪਿਛਲੇ ਸਾਲ ਦੀ ਇਸੇ ਮਿਆਦ 'ਚ ਚੀਨੀ ਉਤਪਾਦਨ 110.45 ਲੱਖ ਟਨ ਰਿਹਾ ਸੀ। ਚੀਨੀ ਸੈਸ਼ਨ ਅਕਤੂਬਰ ਤੋਂ ਸਤੰਬਰ ਤੱਕ ਹੁੰਦਾ ਹੈ। ਸੰਗਠਨ ਨੇ ਦੱਸਿਆ ਕਿ 31 ਦਸੰਬਰ 2021 ਤੱਕ ਕਰੀਬ 491 ਮਿੱਲਾਂ ਨੇ 1227.17 ਲੱਖ ਟਨ ਗੰਨੇ ਦੀ ਪਿੜਾਈ ਕੀਤੀ ਸੀ, ਇਹ ਅੰਕੜਾ ਇਸ ਤੋਂ ਪਿਛਲੇ ਸਾਲ ਦੀ ਇਸੇ ਮਿਆਦ ਦੀ ਤੁਲਨਾ 'ਚ ਜ਼ਿਆਦਾ ਹੈ। ਦੇਸ਼ ਦੇ ਸਭ ਤੋਂ ਵੱਡੇ ਚੀਨੀ ਉਤਪਾਦਕ ਰਾਜ ਮਹਾਰਾਸ਼ਟਰ 'ਚ ਚੀਨੀ ਉਤਪਾਦਨ ਵੱਧ ਕੇ 45.75 ਲੱਖ ਟਨ 'ਤੇ ਪਹੁੰਚ ਗਿਆ ਹੈ, ਜੋ ਇਕ ਸਾਲ ਪਹਿਲਾਂ ਇਸੇ ਮਿਆਦ ਦੌਰਾਨ 39.85 ਲੱਖ ਟਨ ਸੀ। ਉਥੇ ਹੀ ਕਰਨਾਟਕ ਦਾ ਉਤਪਾਦਨ ਮਾਮੂਲੀ ਵੱਧ ਕੇ 24.15 ਲੱਖ ਟਨ ਤੋਂ 24.90 ਲੱਖ ਟਨ ਰਿਹਾ। ਗੁਜਰਾਤ 'ਚ 3.35 ਤੋਂ ਵੱਧ ਕੇ 3.40 ਲੱਖ ਟਨ 'ਤੇ ਪਹੁੰਚ ਗਿਆ, ਜਦੋਂ ਕਿ ਮੱਧ ਪ੍ਰਦੇਸ਼, ਪੰਜਾਬ, ਤਾਮਿਲਨਾਡੂ, ਤੇਲੰਗਾਨਾ ਤੇ ਝਾਰਖੰਡ 'ਚ ਵੀ ਚੀਨੀ ਉਤਪਾਦਨ 'ਚ ਮਾਮੂਲੀ ਵਾਧਾ ਹੋਇਆ।

ਪੰਜਾਬ ਦੀਆਂ ਮੰਡੀਆਂ

ਜਲੰਧਰ

ਕਣਕ ਦੜਾ 2120/2130, ਚਾਵਲ ਪਰਮਲ ਕੱਚਾ 2650/2800, ਸੇਲਾ 2450/2550, ਮੱਕੀ ਯੂਪੀ 1940/1960, ਐਮ.ਪੀ. 2000/2050, ਦਾਲ ਉੜਦ ਛਿਲਕਾ 8500/10400, ਛੋਲੇ ਦੇਸੀ 5700/5800, ਦਾਲ ਛੋਲੇ 5800/5900, ਕਾਬਲੀ ਛੋਲੇ 6200/8700, ਰਾਜਮਾਂਹ ਚਿਤਰਾ ਪੂਣੇ 9000/13800, ਚੀਨ 10000/13500, ਸ਼ਰਮੀਲੀ 10000/10500, **ਕਰਿਆਨਾ** : ਜੀਰਾ 17600/19200, ਧਨੀਆ 9800/11500, ਲਾਲ ਮਿਰਚ ਗੁੰਟੂਰ-334 ਨੰ. 17500/18500, ਤੇਜਾ 20500/23500, ਹਲਦੀ ਇਰੋਡ ਗੱਠਾ 9800/9900, ਨਿਜ਼ਾਮਾਬਾਦ 10600/11000, **ਮੇਵਾ (ਪ੍ਰਤੀ ਕਿਲੋ)** : ਕਾਜੂ (320 ਨੰ:) 980/1000, (210 ਨੰ:) 1080/1100, (240 ਨੰ:) 1040/1050, (180 ਨੰ:) 1160/1180, ਮਖਾਣਾ 460/680, ਗੋਲਾ 22500/24000.

ਲੁਧਿਆਣਾ

ਦਾਲ-ਦਲਹਨ : ਰਾਜਮਾਂਹ ਚਿਤਰਾ 11000/13700, ਅਰਹਰ ਦਾਲ 8700/9000, ਉੜਦ ਸਾਬੁਤ 7800/8800, ਉੜਦ ਧੋਤੀ 8400/9300, ਛਿਲਕਾ 8000/9000, ਦਾਲ ਮਸਰ 8700/9000, ਦਾਲ ਛੋਲੇ 5800/5900, ਐਗਰੋਪਓਰ ਬੇਸਨ (35 ਕਿਲੋ) 2250, ਕਾਬਲੀ ਛੋਲੇ 7000/9200, ਮੂੰਗ ਸਾਬੁਤ 6500/8000, ਮੂੰਗੀ ਧੋਤੀ 7000/9000, **ਚਾਵਲ** : ਡੀ.ਬੀ. 6400/6500, ਸ਼ਰਬਤੀ ਸਟੀਮ 5050/5200, ਚਾਵਲ 1121 ਸੇਲਾ 6900/7000, ਲਾਲਕਿਲਾ 12400, **ਤੇਲ** : ਬਿਨੌਲਾ 10400, ਚਾਵਲ ਤੇਲ 9800, ਸਰ੍ਹੋਂ 15300, **ਖ਼ਲ** : ਸਰ੍ਹੋਂ 3375/3500, ਬਿਨੌਲਾ 3325/3350, **ਡੀਓਸੀ** : ਮੂੰਗਫਲੀ 32200, **ਕਰਿਆਨਾ** : ਜੀਰਾ 16800/19200, ਧਨੀਆ 9100/10600, ਹਲਦੀ 9100/10000, ਕੇਸਰ : ਪ੍ਰਤੀ ਗ੍ਰਾਮ ਕਸ਼ਮੀਰੀ 165/180.

ਖੰਨਾ

ਰਾਇਸਥ੍ਰਾਨ (ਖਾਣ ਯੋਗ) (ਪ੍ਰਤੀ ਪੁਆਇੰਟ) 135, ਰਾਇਸਥ੍ਰਾਨ (ਨਹੀਂ ਖਾਣ ਯੋਗ) 132, ਖਲ ਸਰ੍ਹੋਂ 2850, **ਡੀਓਸੀ** : ਰਾਇਸਥ੍ਰਾਨ ਬੈਚ ਸਫੈਦ 880, ਲਾਲ ×,